Australian Government

COVID-19 VACCINATION

# ਮੇਰਾ ਰਿਹਾਇਸ਼ੀ ਏਜ਼ਡ ਕੇਅਰ (ਬਿਰਧ ਦੇਖਭਾਲ) ਰੁਜ਼ਗਾਰਦਾਤਾ ਮੈਨੂੰ ਕਿਉਂ ਪੁੱਛ ਰਿਹਾ ਹੈ ਕਿ ਜੇਕਰ ਮੈਨੂੰ COVID-19 ਦਾ ਟੀਕਾ ਲੱਗ ਚੁੱਕਾ ਹੈ?

4 ਜੂਨ 2021 ਤੱਕ ਇਹ ਜਾਣਕਾਰੀ ਸਹੀ ਹੈ

ਟੀਕਾਕਰਣ COVID-19 ਦੇ ਖ਼ਿਲਾਫ ਸਭ ਤੋਂ ਪ੍ਰਭਾਵਸ਼ਾਲੀ ਸੁਰੱਖਿਆ ਹੈ। ਏਜ਼ਡ ਕੇਅਰ ਵਿਚ ਰਹਿੰਦੇ ਬਜ਼ੁਰਗਾਂ ਦੀ ਦੇਖਭਾਲ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਕਰਮਚਾਰੀਆਂ ਦੀ ਸੁਰੱਖਿਆ ਕਰਨਾ ਪਹਿਲੀ ਤਰਜੀਹ ਹੈ।

ਇਸੇ ਲਈ ਸਰਕਾਰਾਂ ਅਤੇ ਰਿਹਾਇਸ਼ੀ ਏਜ਼ਡ ਕੇਅਰ (ਬਿਰਧ ਦੇਖਭਾਲ) ਪ੍ਰਦਾਤਿਆਂ ਲਈ ਇਹ ਸਮਝਣਾ ਮਹੱਤਵਪੂਰਣ ਹੈ ਕਿ ਕਿੰਨੇ ਏਜ਼ਡ ਕੇਅਰ ਕਰਮਚਾਰੀਆਂ ਨੂੰ COVID-19 ਦਾ ਟੀਕਾ ਲੱਗ ਚੁੱਕਾ ਹੈ। ਇਹ ਜਾਣਕਾਰੀ COVID-19 ਦੇ ਫ਼ੈਲਣ ਨੂੰ ਰੋਕਣ ਦੀ ਤਿਆਰੀ, ਯੋਜਨਾਬੰਦੀ ਅਤੇ ਜਵਾਬ ਦੇ ਹਿੱਸੇ ਵਜੋਂ ਏਜ਼ਡ ਕੇਅਰ ਵਿਚ ਰਹਿੰਦੇ ਨਿਵਾਸੀਆਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਕਰਮਚਾਰੀਆਂ ਲਈ ਖਤਰਿਆਂ ਨੂੰ ਸਮਝਣ ਵਿਚ ਸਹਾਇਤਾ ਕਰਦੀ ਹੈ।

ਜੇ ਤੁਹਾਡੀ ਸਹੂਲਤ ਵਿਚ COVID-19 ਫ਼ੈਲ ਰਿਹਾ ਹੈ, ਤਾਂ ਇਹ ਜਾਣਨਾ ਮਹੱਤਵਪੂਰਣ ਹੋਵੇਗਾ ਕਿ ਕਿੰਨੇ ਕਾਮਿਆਂ ਨੂੰ ਟੀਕਾ ਲਗਾਇਆ ਗਿਆ ਹੈ ਤਾਂ ਜੋ ਟੀਕਾਕਰਨ ਨਾ ਕੀਤੇ ਗਏ ਕਰਮਚਾਰੀਆਂ ਲਈ ਸੁਰੱਖਿਆ ਉਪਾਅ ਕੀਤੇ ਜਾ ਸਕਣ।

ਆਸਟ੍ਰੇਲੀਆ ਦਾ ਟੀਕਾਕਰਣ ਰਜਿਸਟਰ ਹਰ ਕਿਸੇ ਦੇ ਟੀਕਾਕਰਨ ਦੀ ਜਾਣਕਾਰੀ ਨੂੰ ਰਿਕਾਰਡ ਕਰਦਾ ਹੈ। ਪਰ ਇਸ ਵਿੱਚ ਤੁਹਾਡੇ ਦੁਆਰਾ ਕੀਤੀ ਜਾ ਰਹੀ ਨੌਕਰੀ ਜਾਂ ਤੁਹਾਡੇ ਰੁਜ਼ਗਾਰਦਾਤੇ ਬਾਰੇ ਜਾਣਕਾਰੀ ਸ਼ਾਮਲ ਨਹੀਂ ਹੁੰਦੀ ਹੈ।

ਆਸਟ੍ਰੇਲੀਆ ਦੀ ਸਰਕਾਰ ਇਸ ਉਦੇਸ਼ ਲਈ ਰਿਹਾਇਸ਼ੀ ਏਜ਼ਡ ਕੇਅਰ (ਬਿਰਧ ਦੇਖਭਾਲ) ਸੇਵਾਵਾਂ ਅਤੇ ਇਨ-ਹੋਮ ਅਤੇ ਕਮਿਊਨਿਟੀ ਏਜ਼ਡ ਕੇਅਰ ਸੇਵਾਵਾਂ ਦੇ ਪ੍ਰਵਾਨਿਤ ਪ੍ਰਦਾਤਿਆਂ ਲਈ ਇੱਕ ਨਵਾਂ ਰਿਪੋਰਟ ਕਰਨ ਵਾਲਾ ਟੂਲ ਪੇਸ਼ ਕਰ ਰਹੀ ਹੈ। ਇਹ ਹੁਣ ਪ੍ਰਦਾਤਿਆਂ ਲਈ ਮਾਈ ਏਜ਼ਡ ਕੇਅਰ ਦੁਆਰਾ ਸਵੈ ਇੱਛਾ ਨਾਲ ਵਰਤਣ ਲਈ ਉਪਲਬਧ ਹੈ।

ਹਾਲਾਂਕਿ ਰਿਪੋਰਟ ਕਰਨਾ ਸ਼ੁਰੂ ਵਿੱਚ ਸਵੈ ਇੱਛਾ ਨਾਲ ਹੈ, ਪ੍ਰਵਾਨਿਤ ਪ੍ਰਦਾਤਿਆਂ ਨੂੰ ਹੁਣੇ ਤੋਂ ਹੀ ਹਫ਼ਤਾਵਾਰੀ ਰਿਪੋਰਟ ਕਰਨਾ ਸ਼ੁਰੂ ਕਰਨ ਲਈ ਪੁਰਜ਼ੋਰ ਉਤਸ਼ਾਹਿਤ ਕੀਤਾ ਜਾਂਦਾ ਹੈ:

- ਹਰੇਕ ਰਿਹਾਇਸ਼ੀ ਬਜ਼ੁਰਗ ਦੇਖਭਾਲ ਸੇਵਾ ਵਿੱਚ ਕਰਮਚਾਰੀਆਂ ਦੀ ਕੁੱਲ ਗਿਣਤੀ

- ਹਰੇਕ ਸੇਵਾ ਦੇ ਉਹਨਾਂ ਕਰਮਚਾਰੀਆਂ ਦੀ ਕੁੱਲ ਸੰਖਿਆ ਜਿਨ੍ਹਾਂ ਨੂੰ COVID-19 ਦੇ ਟੀਕੇ ਦੀ ਪਹਿਲੀ ਖ਼ੁਰਾਕ ਮਿਲ ਚੁੱਕੀ ਹੈ
- ਹਰੇਕ ਸੇਵਾ ਦੇ ਕਰਮਚਾਰੀਆਂ ਦੀ ਕੁੱਲ ਸੰਖਿਆ ਜਿਨ੍ਹਾਂ ਨੂੰ COVID-19 ਦੇ ਟੀਕੇ ਦੀਆਂ ਸਾਰੀਆਂ ਲੋੜੀਂਦੀਆਂ ਖ਼ੁਰਾਕਾਂ ਮਿਲ ਚੁੱਕੀਆਂ ਹਨ।

15 ਜੂਨ 2021 ਤੋਂ, ਇਹ ਰਿਪੋਰਟ ਕਰਨਾ ਰਿਹਾਇਸ਼ੀ ਬਜ਼ੁਰਗ ਦੇਖਭਾਲ ਸੇਵਾਵਾਂ ਦੇ ਪ੍ਰਵਾਨਿਤ ਪ੍ਰਦਾਤਿਆਂ ਲਈ ਬਾਕਾਇਦਾ ਸ਼ਰਤ ਬਣ ਜਾਵੇਗੀ। ਇਨ-ਹੋਮ ਅਤੇ ਕਮਿਊਨਿਟੀ ਏਜ਼ਡ ਕੇਅਰ ਸੇਵਾਵਾਂ ਲਈ ਇਹ ਆਉਣ ਵਾਲੇ ਹਫ਼ਤਿਆਂ ਵਿੱਚ ਇੱਕ ਇੱਕ ਬਾਕਾਇਦਾ ਸ਼ਰਤ ਬਣ ਜਾਵੇਗੀ।

## ਇਹ ਮੈਨੂੰ ਕਿਵੇਂ ਪ੍ਰਭਾਵਤ ਕਰਦੀ ਹੈ?

ਤੁਹਾਡਾ ਕਾਰਜ-ਸਥਾਨ ਤੁਹਾਡੇ ਨਾਲ ਵਿਚਾਰ ਕਰੇਗਾ ਕਿ ਉਹ ਉਸ ਸਥਾਨ 'ਤੇ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਕੁੱਲ ਸੰਖਿਆ ਬਾਰੇ ਜਾਣਕਾਰੀ ਕਿਵੇਂ ਇਕੱਤਰ ਅਤੇ ਰਿਪੋਰਟ ਕਰਨਗੇ ਜਿਨ੍ਹਾਂ ਨੂੰ COVID-19 ਟੀਕੇ ਦੀ ਇੱਕ ਖ਼ੁਰਾਕ ਮਿਲੀ ਹੈ ਜਾਂ COVID-19 ਟੀਕੇ ਦੀਆਂ ਸਾਰੀਆਂ ਲੋੜੀਂਦੀਆਂ ਖ਼ੁਰਾਕਾਂ ਮਿਲੀ ਚੁੱਕੀਆਂ ਹਨ।

ਇਹ ਮਹੱਤਵਪੂਰਣ ਹੈ ਕਿ ਤੁਸੀਂ ਜਾਣਦੇ ਹੋਵੋ ਕਿ COVID-19 ਟੀਕਾਕਰਣ ਸਵੈ ਇੱਛ ਨਾਲ ਹੈ। ਟੀਕਾ ਲਗਵਾਉਣ ਜਾਂ ਨਾ ਲਗਵਾਉਣ ਦੇ ਫ਼ੈਸਲੇ ਬਾਰੇ ਤੁਹਾਡੀ ਮਰਜ਼ੀ ਹੈ। ਇਹ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਆਪਣੇ ਰੁਜ਼ਗਾਰਦਾਤਾ ਨੂੰ ਦੱਸ ਦਿਓ ਕਿ ਜੇ ਤੁਸੀਂ COVID-19 ਟੀਕਾਕਰਣ ਕਰਵਾ ਲਿਆ ਹੈ ਜਾਂ ਨਹੀਂ। ਇਹ ਵੀ ਮਹੱਤਵਪੂਰਣ ਹੈ ਕਿ ਤੁਸੀਂ ਇਸ ਕਾਰਨ ਨੂੰ ਸਮਝੋ ਕਿ ਕਿਉਂ ਇਸ ਜਾਣਕਾਰੀ ਨੂੰ ਇਕੱਤਰ ਕੀਤਾ ਜਾ ਰਿਹਾ ਹੈ, ਉਨ੍ਹਾਂ ਦੀ ਸੁਰੱਖਿਆ ਕਰਨ ਲਈ ਜਿੰਨ੍ਹਾਂ ਦੀ ਤੁਸੀਂ ਦੇਖਭਾਲ ਕਰ ਰਹੇ ਹੋ।

## ਮੇਰਾ ਕਾਰਜ-ਸਥਾਨ ਕਿਹੜੀ ਜਾਣਕਾਰੀ ਇਕੱਠੀ ਕਰਕੇ ਰਿਪੋਰਟ ਕਰ ਸਕਦਾ ਹੈ?

ਅੰਕੜੇ ਇਕੱਠਾ ਕਰਨ ਦਾ ਢੰਗ ਬਿਲਕੁਲ ਉਸ ਨਾਲ ਮਿਲਦਾ-ਜੁਲਦਾ ਹੈ ਜਿਵੇਂ ਇਸ ਵੇਲੇ ਤੁਹਾਡੇ ਰੁਜ਼ਗਾਰਦਾਤਾ ਦੁਆਰਾ ਇੰਫਲੂਐਨਜ਼ਾ (ਫ਼ਲੂ) ਦਾ ਟੀਕਾ ਲਗਵਾਉਣ ਵਾਲੇ ਕਰਮਚਾਰੀਆਂ ਦੀ ਗਿਣਤੀ ਬਾਰੇ ਜਾਣਕਾਰੀ ਰਿਕਾਰਡ ਕੀਤੀ ਜਾਂਦੀ ਹੈ।

ਤੁਹਾਡਾ ਕਾਰਜ-ਸਥਾਨ ਸਿਹਤ ਵਿਭਾਗ ਨੂੰ ਹੇਠ ਲਿਖੀਆਂ ਜਾਣਕਾਰੀ ਪ੍ਰਦਾਨ ਕਰੇਗਾ:

- ਹਰੇਕ ਰਿਹਾਇਸ਼ੀ ਏਜ਼ਡ ਕੇਅਰ ਸਰਵਿਸ ਵਿਚ ਕਰਮਚਾਰੀਆਂ ਦੀ ਕੁੱਲ ਗਿਣਤੀ
- ਹਰੇਕ ਸਰਵਿਸ ਦੇ ਉਹਨਾਂ ਕਰਮਚਾਰੀਆਂ ਦੀ ਕੁੱਲ ਸੰਖਿਆ ਜਿਨ੍ਹਾਂ ਨੂੰ COVID-19 ਦੇ ਟੀਕੇ ਦੀ ਪਹਿਲੀ ਖ਼ੁਰਾਕ ਮਿਲ ਚੁੱਕੀ ਹੈ
- ਹਰੇਕ ਸਰਵਿਸ ਦੇ ਉਹਨਾਂ ਕਰਮਚਾਰੀਆਂ ਦੀ ਕੁੱਲ ਸੰਖਿਆ ਜਿਨ੍ਹਾਂ ਨੂੰ COVID-19 ਦੇ ਟੀਕੇ ਦੀਆਂ ਸਾਰੀਆਂ ਲੋੜੀਂਦੀਆਂ ਖ਼ੁਰਾਕਾਂ ਮਿਲ ਚੁੱਕੀਆਂ ਹਨ।

ਜਿਹੜੀ ਜਾਣਕਾਰੀ ਤੁਹਾਡਾ ਕਾਰਜ ਸਥਾਨ ਰਿਪੋਰਟ ਕਰੇਗਾ ਉਹ ਕਿਸੇ ਵੀ ਵਿਅਕਤੀ ਦੀ ਪਛਾਣ ਕਰਨ ਯੋਗ ਨਹੀਂ ਹੋਵੇਗੀ।

ਰਿਪੋਰਟ ਦੇ ਵਿੱਚ ਰਿਹਾਇਸ਼ੀ ਏਜ਼ਡ ਕੇਅਰ ਸਹੂਲਤ ਵਿੱਚ ਕੰਮ ਕਰਨ ਵਾਲੇ ਉਹ ਸਾਰੇ ਲੋਕ (ਵਲੰਟੀਅਰਾਂ ਸਮੇਤ) ਸ਼ਾਮਲ ਹੋਣਗੇ ਜੋ ਰਹਿਣ ਵਾਲੇ ਵਸਨੀਕਾਂ ਦੀ ਦੇਖਭਾਲ, ਸਹਾਇਤਾ ਅਤੇ ਵਸਨੀਕਾਂ ਲਈ ਸੇਵਾਵਾਂ ਅਤੇ ਰੱਖ-ਰਖਾਵ ਅਤੇ ਪ੍ਰਸ਼ਾਸਨ ਲਈ ਜ਼ਿੰਮੇਵਾਰ ਹਨ। ਇਸ ਵਿੱਚ ਨਰਸਿੰਗ ਅਤੇ ਨਿੱਜੀ ਦੇਖਭਾਲ ਕਰਨ ਵਾਲਾ ਸਟਾਫ਼, ਸਹਾਇਕ ਸਿਹਤ ਪੇਸ਼ੇਵਰ, ਪ੍ਰਸ਼ਾਸਨ ਸਟਾਫ, ਰਸੋਈ, ਸਫ਼ਾਈ, ਲਾਂਡਰੀ ਅਤੇ ਬਗੀਚੇ ਦਾ ਸਟਾਫ਼ ਵੀ ਸ਼ਾਮਲ ਹੈ।

## ਕੀ ਮੈਨੂੰ ਆਪਣੇ ਰੁਜ਼ਗਾਰਦਾਤਾ ਨੂੰ ਦੱਸਣਾ ਪਏਗਾ ਕਿ ਜੇ ਮੈਨੂੰ COVID-19 ਦਾ ਟੀਕਾ ਲੱਗ ਚੁੱਕਾ ਹੈ?

ਨਹੀਂ, ਇਹ ਤੁਹਾਡੀ ਮਰਜ਼ੀ ਹੈ ਪਰ ਤੁਹਾਨੂੰ ਇਹ ਜਾਣਕਾਰੀ ਆਪਣੇ ਰੁਜ਼ਗਾਰਦਾਤਾ ਨਾਲ ਆਪਣੀ ਸਹੂਲਤ ਵਿਚ COVID-19 ਖ਼ਿਲਾਫ ਤਿਆਰੀ ਅਤੇ ਯੋਜਨਾਬੰਦੀ ਦੇ ਹਿੱਸੇ ਵਜੋਂ ਸਾਂਝੇ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਤੁਹਾਡੇ ਰੁਜ਼ਗਾਰਦਾਤਾ ਵਲੋਂ ਤੁਹਾਡੇ ਨਾਲ ਆਦਰਪੂਰਣ ਗੱਲਬਾਤ ਕਰਨ ਦੀ ਉਮੀਦ ਕੀਤੀ ਜਾਏਗੀ ਇਹ:

- ਦੱਸਣ ਲਈ ਕਿ ਉਹ ਕਰਮਚਾਰੀਆਂ ਤੋਂ COVID-19 ਟੀਕਾਕਰਣ ਬਾਰੇ ਜਾਣਕਾਰੀ ਕਿਉਂ ਮੰਗ ਰਹੇ ਹਨ
- ਪੱਕਾ ਕਰਨ ਲਈ ਕਿ ਤੁਸੀਂ ਇਸ ਗੱਲ ਨੂੰ ਸਮਝਦੇ ਹੋ ਕਿ COVID-19 ਟੀਕਾਕਰਣ ਕਰਵਾਉਣਾ ਤੁਹਾਡੀ ਆਪਣੀ ਮਰਜ਼ੀ ਹੈ
- ਪੱਕਾ ਕਰਨ ਲਈ ਕਿ ਤੁਸੀਂ ਸਮਝਦੇ ਹੋ ਤੁਹਾਡੀ ਗੁਪਤਤਾ ਦੀ ਸੁਰੱਖਿਆ ਕੀਤੀ ਜਾਏਗੀ, ਅਤੇ
- ਪੱਕਾ ਕਰਨ ਲਈ ਕਿ ਤੁਸੀਂ ਇਹ ਜਾਣਕਾਰੀ ਪ੍ਰਦਾਨ ਕਰਨ ਤੋਂ ਇਨਕਾਰ ਕਰਨ ਦੇ ਤੁਹਾਡੇ ਅਧਿਕਾਰ ਤੋਂ ਜਾਣੂ ਹੋ।

## ਕੀ ਮੈਨੂੰ ਆਪਣੇ COVID-19 ਟੀਕਾਕਰਣ ਦਾ ਕੋਈ ਸਬੂਤ ਦਿਖਾਉਣ ਦੀ ਜ਼ਰੂਰਤ ਹੈ ਜੇ ਮੈਂ ਇਸ ਜਾਣਕਾਰੀ ਨੂੰ ਆਪਣੇ ਮਾਲਕ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ?

ਨਹੀਂ, ਇਹ ਤੁਹਾਡੀ ਮਰਜ਼ੀ ਹੈ। ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰੇਗਾ ਕਿ ਜੇ ਤੁਸੀਂ ਉਹਨਾਂ ਨਾਲ ਇਹ ਜਾਣਕਾਰੀ ਸਾਂਝੀ ਕਰਨ ਲਈ ਤਿਆਰ ਹੋ, ਤਾਂ ਉਹ ਤੁਹਾਡੇ COVID-19 ਟੀਕਾਕਰਣ ਨੂੰ ਕਿਵੇਂ ਰਿਕਾਰਡ ਕਰਨਗੇ। ਕਰਮਚਾਰੀਆਂ ਲਈ ਜੋ ਰਜ਼ਾਮੰਦ ਹਨ, ਤੁਸੀਂ ਆਪਣੇ ਰੁਜ਼ਗਾਰਦਾਤਾ ਨੂੰ ਹੇਠ ਲਿਖਿਆਂ ਨਾਲ ਇਹ ਚੀਜ਼ਾਂ ਮੁਹੱਈਆ ਕਰਵਾ ਸਕਦੇ ਹੋ:

- ਟੀਕਾ ਪ੍ਰਦਾਤਾ ਦੁਆਰਾ ਟੀਕਾਕਰਨ ਪ੍ਰਮਾਣੀਕਰਣ ਜਾਂ ਕੋਈ ਹੋਰ ਪ੍ਰਮਾਣ, ਜਾਂ
- ਟੀਕਾਕਰਣ ਇਤਿਹਾਸ ਦੀ ਸਟੇਟਮੈਂਟ ਜਿਸ ਨੂੰ ਤੁਸੀਂ ਮੈਡੀਕੇਅਰ ਔਨਲਾਈਨ ਜਾਂ ਐਕਸਪ੍ਰੈੱਸ ਪਲੱਸ ਮੈਡੀਕੇਅਰ ਮੋਬਾਈਲ ਐਪ ਤੋਂ ਪ੍ਰਾਪਤ ਕਰ ਸਕਦੇ ਹੋ।

ਬਦਲਵੇਂ ਤੌਰ 'ਤੇ, ਤੁਸੀਂ ਇਹਨਾਂ ਨੂੰ ਪ੍ਰਦਾਨ ਕਰਨ ਬਾਰੇ ਵਿਚਾਰ ਕਰ ਸਕਦੇ ਹੋ:

- ਦਸਤਖਤ ਕੀਤਾ ਘੋਸ਼ਣਾ ਪੱਤਰ, ਜਾਂ

- ਸਿਹਤ ਪ੍ਰੈਕਟੀਸ਼ਨਰ ਵਲੋਂ ਰਿਕਾਰਡ।

### ਮੈਂ COVID-19 ਟੀਕਾਕਰਣ ਕਰਵਾਉਣ ਬਾਰੇ ਫ਼ੈਸਲਾ ਲੈਣ ਵਿੱਚ ਸਹਾਇਤਾ ਲਈ ਜਾਣਕਾਰੀ ਕਿੱਥੋਂ ਲੈ ਸਕਦਾ ਹਾਂ?

ਤੁਹਾਡੀ ਸੇਵਾ ਨੇ ਕਰਮਚਾਰੀਆਂ ਨੂੰ COVID-19 ਟੀਕਾਕਰਣ ਕਰਵਾਉਣ ਬਾਰੇ ਫ਼ੈਸਲਾ ਲੈਣ ਵਿੱਚ ਸਹਾਇਤਾ ਕਰਨ ਲਈ ਅਤੇ ਕਰਮਚਾਰੀਆਂ ਨੂੰ ਇਹ ਜਾਣਨ ਵਿੱਚ ਸਹਾਇਤਾ ਕਰਨ ਲਈ ਕਿ ਉਹ ਟੀਕਾ ਕਿੱਥੇ ਲਗਵਾ ਸਕਦੇ ਹਨ, ਲਈ ਬਹੁਤ ਸਾਰੀ ਜਾਣਕਾਰੀ ਅਤੇ ਸਮੱਗਰੀ ਪ੍ਰਾਪਤ ਕੀਤੀ ਹੈ। ਇਸ ਵਿੱਚ 19 ਭਾਸ਼ਾਵਾਂ ਵਿੱਚ ਅਨੁਵਾਦ ਕੀਤੀ ਗਈ ਜਾਣਕਾਰੀ ਸ਼ਾਮਲ ਹੈ। ਤੁਸੀਂ ਇਹ ਜਾਣਕਾਰੀ health.gov.au ਦੀ ਵੈਬਸਾਈਟ 'ਤੇ ਵੀ ਪ੍ਰਾਪਤ ਕਰ ਸਕਦੇ ਹੋ।

COVID-19 ਵੈਕਸੀਨ ਟੀਕਿਆਂ, ਟੀਕਾਕਰਣ ਮਹੱਤਵਪੂਰਣ ਕਿਉਂ ਹੈ ਅਤੇ ਟੀਕਾਕਰਣ ਤਕ ਕਿਵੇਂ ਪਹੁੰਚਣਾ ਹੈ, ਬਾਰੇ ਭਰੋਸੇਮੰਦ ਅਤੇ ਭਰੋਸੇਯੋਗ ਜਾਣਕਾਰੀ ਤਕ ਪਹੁੰਚਣਾ ਮਹੱਤਵਪੂਰਣ ਹੈ।

**ਵਧੇਰੇ ਜਾਣਕਾਰੀ ਲਈ ਸਿਹਤ ਵਿਭਾਗ ਨਾਲ ਈਮੇਲ:** AgedCareCOVIDLiaison@health.gov.au **'ਤੇ ਸੰਪਰਕ ਕਰੋ ਜਾਂ ਸਲਾਹ ਅਤੇ ਸਹਾਇਤਾ ਲਈ ਆਪਣੀ ਯੂਨੀਅਨ ਨਾਲ ਸੰਪਰਕ ਕਰੋ।**